ਘੋੜੀ ਸ਼ਹੀਦੇ ਆਜ਼ਮ

17/SMM

ਸ: ਭਗਤ ਸਿੰਘ



573

ਭਾਟੀਆ ਪ੍ਰਕਾਸ਼ਨ

ਬਾਜ਼ਾਰ ਤੰਦੂਰਾਂ, ਅੰਬਾਲਾ ਸ਼ਹਿਰ

ਮੁਲ 30 ਪੈਸੇ

30.1.1972

ਘੋੜੀ
ਸ਼ਹੀਦੇ ਆਜ਼ਮ
ਸ: ਭਗਤ ਸਿੰਘ

ਸੰਗ੍ਰਿਹ ਕਰਤਾ-ਰਾਜ

ਮਿਲਨ ਦਾ ਪਤਾ—

ਭਾਟੀਆ ਪ੍ਰਕਾਸ਼ਨ

ਬਜਾਰ ਤੰਦੂਰਾ ਅੰਬਾਲਾ ਸ਼ਹਿਰ

ਛੇਵੀਂ ਵਾਰ ਮੁਲ ੩੦ ਪੈਸੇ

ਦਰਬਾਰ ਪਰਿੰਟਿੰਗ ਪਰੈਸ, ਅੰਮ੍ਰਿਤਸਰ।

ਭੇਟਾ

ਉਨ੍ਹਾਂ ਸ਼ਹੀਦਾਂ ਦੇ ਨਾਮ ਜਿੰਨ੍ਹਾਂ ਨੇ ਆਪ ਦੇਸ਼ ਤੇ ਕੌਮ ਦੀ ਖਾਤਰ ਆਪਣਾ ਸਭ ਕੁਝ ਵਾਰਕੇ ਫਾਂਸੀ ਦੇ ਤਖਤਿਆਂਨੂੰ ਹਸਦੇ ਹਸਦੇ ਚੁੰਮ ਲਿਆ।

—ਰਾਜ

ਧੰਨਵਾਦ!

ਉਨ੍ਹਾਂ ਕਵੀਆਂ ਭਰਾਵਾਂ ਦਾ ਜਿਨ੍ਹਾਂ ਨੇ ਸ਼ਹੀਦਾਂ ਦੀ ਯਾਦ ਵਿਚ ਆਪਣੀ ਕਲਮ ਨਾਲ ਸ਼ਰਧਾ ਦੇ ਫੁਲ ਭੇਟ ਕੀਤੇ।

ਧੰਨਵਾਦੀ—ਰਾਜ

ਘੋੜੀ

ਸ਼ਹੀਦੇ ਆਜ਼ਮ ਸ: ਭਗਤਸਿੰਘ

ਜਦੋਂ ਵੀਰ ਭਗਤ ਸਾਹਬ ਨੂੰ,
ਦਿਤਾ ਫਾਂਸੀ ਦਾ ਹੁਕਮ ਸੁਣਾ
ਓਹਦੀ ਹੋਵਨ ਵਾਲੀ ਨਾਰ ਨੂੰ,
ਕਿਸੇ ਪਿੰਡ ਵਿਚ ਦਸਿਆ ਜਾ
ਓਥੋਂ ਤੁਰ ਪਈ ਖਾਤਰ ਪਰੇਮ ਦੀ,
ਕਹਿੰਦੀ ਰਬਾ ਮੇਲ ਕਰਾ
ਜਾ ਪਹੁੰਚੀ ਵਿਚ ਲਾਹੌਰ ਦੇ,
ਮਿਲੀ ਜੇਹਲ ਦਰੋਗੇ ਨੂੰ ਆ
ਉਥੋਂ ਹੁਕਮ ਹੋਇਆ ਸਰਕਾਰ ਦਾ,
ਦੇਵੋ ਮੁਲਾਕਾਤ ਕਰਾ
ਤਦ ਹੂਰ ਪਰੀ ਅਸਮਾਨ ਦੀ,
ਦਿਤੀ ਦਰ ਤੇ ਅਲਖ ਜਗਾ
ਸੀਖਾਂ ਵਿਚੋਂ ਜਦ ਤਕਿਆ ਸ਼ੇਰ ਨੇ,
ਖੜੀ ਸੁੰਦਰੀ ਐ ਕੋਈ ਆ

ਉਹਦੇ ਹੰਝੂ ਤਕ ਕੇ ਬੋਲਿਆ,
ਦੇਵੀ ਕੌਣ ਹੈਂ ਤੂੰ ਸਮਝਾ
ਦੇਵੀ ਤੇਰੀ ਹੋਵਨ ਵਾਲੀ ਨਾਰ ਹਾਂ,
ਮੇਰੇ ਦਿਲ ਦੇ ਸ਼ਹਿਨਸ਼ਾਹ
ਮੇਰੀਆਂ ਸੁਤੀਆਂ ਸਧਰਾਂ ਜਾਗੀਆਂ,
ਮੇਰਾ ਦਿਲ ਹੋਇਆ ਦਰਿਆ
ਮੈਂ ਲੜ ਨਹੀਂ ਤੇਰਾ ਛਡਣਾ,
ਮੈਨੂੰ ਕੱਲੀ ਛੱਡ ਕੇ ਨਾ ਜਾ
ਮੈਂ ਕਦ ਦੀ ਰਾਹ ਪਈ ਵੇਖਦੀ,
ਮੇਰੀ ਪਰੀਤ ਨੂੰ ਤੋੜ ਨਿਭਾਹ
ਭਗਤ ਸਿੰਘ-ਸੁਣ ਭਾਰਤ ਮਾਂ ਦੇ ਲਾਲ ਨੇ,
ਅਗੋਂ ਹਸਕੇ ਕਿਹਾ ਸੁਣਾ
ਤੂੰ ਭੁਲੇ ਰਾਹ ਪਈ ਜਾਨੀਏਂ,
ਕਿਸੇ ਦਿਤਾ ਭੁਲੇਖਾ ਪਾ
ਮੇਰੀ ਮੰਗਣੀ ਕਦ ਦੀ ਹੋ ਗਈ,
ਮੇਰੇ ਪੂਰੇ ਹੋ ਗਏ ਚਾ
ਅਜ ਲਗੇਗੀ ਮਹਿੰਦੀ ਰਾਤ ਨੂੰ,

ਸਿਹਰਾ ਵੇਸੀ ਰੂਪ ਚੜ੍ਹਾ
ਜੰਝ ਚੜ੍ਹੇਗੀ ਕਲ ਦੁਪਹਿਰ ਨੂੰ,
ਕਈ ਸੇਹਰਾ ਦੇਣਗੇ ਗਾ
ਮੇਰੇ ਸੋਹਣੇ ਵੀਰ ਪੰਜਾਬ ਦੇ,
ਮੈਨੂੰ ਹਥੀ ਲੈਣਗੇ ਚਾ
ਕਾਹਨੂੰ ਭੁਲਕੇ ਆਈਏ ਭੋਲੀਏ,
ਕਾਹਨੂੰ ਭਰਨੀਏਂ ਠੰਡੇ ਸਾਹ
ਦੇਵੀ-ਉਹ ਕੇੜ੍ਹੀ ਕਰਮਾਂ ਵਾਲੜੀ,
ਜਿਸ ਤੈਨੂੰ ਲਿਆ ਭਰਮਾ
ਉਹਨੇ ਮੇਰਾ ਦਰਦ ਨਾ ਜਾਣਿਆ,
ਦਿੱਤਾ ਆਪਣਾ ਦਰਦ ਵੰਡਾ
ਮੇਰਾ ਜਾਵੇ ਸੁਹਾਗ ਕਿਉਂ ਲੁਟਿਆ
ਦਸ ਕੀ ਐ ਮੇਰਾਂ ਗੁਨਾਹ
ਭਗਤ ਸਿੰਘ-ਮੇਰੀ ਲਾੜੀ ਸੋਹਣੀ ਜਹਾਨ ਤੋਂ
ਉਹਦਾ ਕੋਈ ਕੋਈ ਰਖਦਾ ਚਾ
ਉਸਨੇ ਸੋਹਣੇ ਖਿਚ ਲਏ ਕਈ ਜਹਾਨ ਤੋਂ
ਬੜੇ ਬੜੇ ਸ਼ਹਿਨਸ਼ਾਹ

ਜਿਹਦੀ ਖਾਤਰ ਲਾਲਾ ਲਜਪਤ,
ਦਿਤੀ ਆਪਣੀ ਜਾਨ ਗਵਾ
ਜਿਹਦੀ ਖਾਤਰ ਵੀਰ ਸੁਭਾਸ਼ ਨੇ,
ਦਿਤੀ ਜੋਹਲੀਂ ਉਮਰ ਗਵਾ
ਨੀ ਮੈਂ ਖਾਤਰ ਆਪਣੇ ਦੇਸ ਦੇ
ਕਰ ਬੈਠਾ ਹਾਂ ਨੇਕ ਵਿਵਾਹ
ਕਲ੍ਹ ਦੇਖੀਂ ਆਨ ਦੁਪਹਿਰ ਨੂੰ,
ਜੰਵ ਚੜ੍ਹੇਗੀ ਧੂਮਾਂ ਪਾ
ਦੇਵੀ-ਵੇ ਤੂੰ ਲਾੜੀ ਮੌਤ ਨੂੰ ਸਮਝਿਆ
ਦਿਤੀ ਮੇਰੀ ਜੋਤ ਬੁਝਾ
ਮੇਰੀ ਮਹਿੰਦੀ ਸਿੰਨੀ ਰਹਿ ਗਈ,
ਮੇਰੇ ਮਨੋ ਨ ਲਥਿਆ ਚਾ
ਮੈਂ ਅੱਖੀਂ ਚੂੜਾ ਨਾ ਵੇਖਿਆ,
ਮੇਰੇ ਨਵੇਂ ਨਵੇਂ ਸਨ ਚਾ
ਮੇਰੇ ਦਿਲ ਦੀਆਂ ਦਿਲ ਵਿਚ ਰਹਿ ਗਈਆਂ
ਹੁਣ ਭਰਨੀ ਆਂ ਠੰਡੇ ਸਾਹ
ਮੇਰੀ ਸੋਹਣੀ ਜਵਾਨੀ ਦਿਆ ਮਾਲਕਾ

ਮੈਨੂੰ ਆਪਣੇ ਨਾਲ ਲੈਜਾ
ਭਗਤ ਸਿੰਘ–ਬਸ ਜਾਂਦੀ ਵਾਰੀਚੰਨਬੋਲਿਆ
ਨਾ ਕਮਲੀਏ ਨੀਰ ਬਹਾ
ਅੱਜ ਜਾਨਾ ਤੇ ਫਿਰ ਨਹੀਂ ਆਵਣਾ.
ਮੇਰਾ ਦੇਸ਼ ਅਜ਼ਾਦ ਕਰਾ
ਨੀ ਏ ਮੇਲ ਵੇ ਜਹਾਨ ਦਾ,
ਤੂੰ ਅੱਖੀਂ ਵੇਖ ਲਿਆ
ਜਦ ਫੇਰ ਇਹ ਦੇਸ਼ ਅਜਾਦ ਹੋਵੇ,
ਅਸਾਂ ਲੈਣਾ ਫੇਰਾ ਪਾ
ਕਵੀ-ਦੂਜੇ ਦਿਨ ਉਸ ਵੀਰ ਨੂੰ,
ਦਿਤਾ ਫਾਂਸੀ ਉਤੇ ਚੜ੍ਹਾ
ਯਾਦ ਕਰ ਉਸ ਵੀਰ ਨੂੰ,
ਲੋਕੀ ਘੋੜੀ ਰਹੇ ਨੇ ਗਾ।

ਭਗਤ ਸਿੰਘ ਦੀ ਸ਼ਹੀਦੀ

ਆਓ ਨੀ ਸਈਓ ਰਲ ਗਾਵੀਏ ਘੋੜੀਆਂ,
ਜੰਝ ਤੇ ਹੋਈ ਏ ਤਿਆਰ ਨੀ ਹਾਂ।
ਮੌਤ ਕੁੜੀ ਨੂੰ ਵਿਆਹਣ ਚਲਿਆ,
ਦੇਸ਼ ਭਗਤ ਸਰਦਾਰ ਨੀ ਹਾਂ।
ਬਾਬਲ ਗਾਂਧੀ ਤੇਰਾ ਕਾਜ ਰਚਾਯਾ,
ਲਗਨ ਮਹੂਰਤ ਵਿਚਾਰ ਨੀ ਹਾਂ।
ਫਾਂਸੀ ਦੇ ਤਖਤੇ ਵਾਲਾ ਖਾਰਾ ਬਣਾ ਲਿਆ
ਬੈਠਾ ਏ ਚੌਕੜੀ ਮਾਰ ਨੀ ਹਾਂ।
ਹੰਝੂਆਂ ਦੇ ਪਾਣੀ ਨਾਲ ਭਰਕੇ ਘੜੋਲੀ,
ਲਹੂ ਦੀ ਰੱਤੀ ਮੌਲੀ ਤਾਰ ਨੀ ਹਾਂ।
ਭਾਰਤ ਮਾਤਾ ਤੋਂ ਛੰਦਾ ਜੋ ਕੀਤਾ,
ਪਾਣੀ ਉਹ ਪੀਤਾ ਉਤੋਂ ਵਾਰ ਨੀ ਹਾਂ।
ਫਾਂਸੀ ਦੀ ਟੋਪੀ ਵਾਲਾ ਮੁਕਟ ਬਣਾਕੇ,
ਸੇਹਰਾ ਏ ਬਣਿਆ ਝਾਲਰਦਾਰ ਨੀ ਹਾਂ।
ਖੂਨੀ ਉਹ ਮੇਂਦੀ ਤੈਨੂੰ ਲਾਈ ਫਰੰਗੀਆਂ,

ਹਥਕੜੀਆਂ ਦਾ ਗਾਨਾ ਯਾਰ ਨੀ ਹਾਂ
ਰਾਜ ਗੁਰੂ ਤੇ ਸੁਖਦੇਵ ਸਰਬਾਲੇ
ਟੁਰਿਆ ਏ ਅਧ ਵਿਚਕਾਰ ਨੀ ਹਾਂ
ਹਰੀ ਕਿਸ਼ਨ ਤੇਰਾ ਬਣਿਆ ਜੇ ਸਾਂਢੂ
ਢੁਕੇ ਤੁਸੀਂ ਇਕੋ ਵਾਰ ਨੀ ਹਾਂ
ਮਾਤਮੀ ਬਾਜੇ ਬਜੇ ਜੇਬੂਹੇ ਭਾਰਤ ਦੇ
ਮਾਰੂ ਓ ਰਾਗ ਵਿਚਾਰ ਨੀ ਹਾਂ
ਕਈ ਕਰੋੜ ਤੇਰੇ ਜਾਂਞੀ ਵੇ ਲਾੜਿਆ
ਪੈਦਲ ਤੇ ਕੁਛ ਅਸਵਾਰ ਨੀ ਹਾਂ
ਕਾਲੀਆਂ ਪੁਸ਼ਾਕਾਂ ਪਾਕੇ ਜੰਞ ਹੈ ਤੁਰ ਪਈ
ਤਾਹਿਰ ਵੀ ਹੋਇਆ ਏ ਤਿਆਰ ਨੀ ਹਾਂ

—o—

ਘੋੜੀ ਨ: ੩

ਅਮਰ ਸ਼ਹੀਦ ਸਰਦਾਰ ਭਗਤ ਸਿੰਘ ਦੀ ਭਾਵੀ ਦੁਲਹਨ ਉਨਾ ਕੋਲੋ ਪੁਛਦੀ ਹੈ ਅਤੇ ਉਸਦਾ ਉਤਰ ਸ਼ਹੀਦੇ ਆਜ਼ਮ ਦਿੰਦੇ ਹਨ

ਤਰਜ-ਮੁਹਬਤ ਕੀ ਦਾਸਤਾਂ

ਚਲੀ ਘਰ ਸੇ ਅਰਮਾਨ ਲੈਕਰ ਚਲੀ।
ਵਹ ਚਲੀ ਘਰ ਸੇ ਅਰਮਾਨ ਲੈਕਰ ਚਲੀ।
ਜਾਕੇ ਪਹੁੰਚੀ ਵਹਾਂ ਭਗਤ ਸਿੰਘ ਥੇ ਜਹਾਂ।
ਵਹ ਚਲੀ ਘਰ ਸੇ ਅਰਮਾਂ ਲਿਯੇ।
ਸੁਨੀ ਦੁਖ ਭਰੀ ਦਾਸਤਾਂ ਯਹ ਕਹੀ।
ਜਮਾਨੇ ਕਾ ਦਿਲ ਰੋਆ ਦੁਖ ਸੇ ਵਹੀਂ।
ਭਾਵੀ ਦੁਲਹਨ ਨੇ ਜਾਕਰ ਪਾਂਓ ਗਹੇ
ਭਗਤ ਸਿੰਘ ਸੇ ਵਚਨ ਯਹ ਕਹੇ
ਸੂਨਾ ਕਰਕੇ ਚਲੇ ਕਿਉਂ ਮੇਰਾ ਜਹਾਂ,
ਵਹ ਚਲੀ ਘਰ ਸੇ ...
ਸ਼ਾਦੀ ਹੋਨੇ ਸੇ ਪਹਿਲੇ ਹੀ ਜਾਨੇ ਲਗੇ।
ਸਿਤਮ ਮੇਰੇ ਪੇ ਹੋ ਢਾਨੇ ਲਗੇ।
ਜੀਉਂਗੀ ਮੈਂ ਕਿਸਕਾ ਸਹਾਰਾ ਲਿਯੇ।

ਨਹੀਂ ਦੀਖਤਾ ਹੈ ਕਿਨਾਰਾ ਮੁਝੇ।
ਸੂਨਾ ਕਰਕੇ ਚਲੇ ਕਿਉਂ ਮੇਰਾ ਜਹਾਂ,
ਵਹ ਚਲੀ ਘਰ ਸੇ... ...

ਕਭੀ ਕੀ ਹੁਈ ਹੈ ਮੇਰੀ ਤੇ ਸਗਾਈ।
ਤੂੰ ਲੇਨੇ ਮੇਰੇ ਪਾਸ ਕਿਆ ਆਜ ਆਈ
ਵਤਨ ਕੇ ਲਿਯੇ ਸਭ ਉਸੇ ਦੇ ਦਿਆ।
ਯਹ ਤਨ ਮਨ ਹਵਾਲੇ ਉਸੀਕੇਕਿਆ।

ਕਿਸਨੇ ਭੇਜਾ ਤੁਮੇਂ ਪਾਸ ਮੇਰੇ ਜਹਾਂ।
ਵਹ ਚਲੀ ਘਰ ਸੇ... ... ...

ਚਾਹੇ ਜਿੰਦਗੀ ਮੇਰੀ ਬਰਬਾਦ ਹੋ।
ਤਮੰਨਾ ਯਹੀ ਦੇਸ਼ ਅਜ਼ਾਦ ਹੋ।
ਮੈਂ ਹੰਸਤਾ ਹੂਆ ਫਾਂਸੀ ਚੜ੍ਹ ਜਾਉਂਗਾ।
ਵਤਨ ਕੋ ਮੈਂ ਅਜ਼ਾਦ ਕਰਵਾਊਂਗਾ।
ਗੀਤ ਗਾਏਂਗੇ ਫਿਰ ਯਹ ਜਮੀਨ ਆਸਾਂਮ
ਵਹ ਚਲੀ ਘਰ ਸੇ... ... ...

ਮੈਂ ਸਰਦਾਰ ਹੋ ਕੇ ਨਾ ਹਾਰੂਗਾ ਹਿੰਮਤ।
ਪੜੇ ਝੇਲਨੀ ਚਾਹੇ ਮੁਝ ਕੋ ਮੁਸੀਬਤ।

ਦੁਲਾਰੋਂ ਨੇ ਦਸ਼ਮੇਸ਼ ਕੇ ਹੈ । ਸਿਖਾਇਆ
ਚੁਣੇ ਗਏ ਦੀਵਾਰੋਂ ਮੇਂ ਸਿਰ ਨਾ ਝੁਕਾਇਆ
ਦੇਸ਼ ਕੇ ਵਾਸਤੇ ਦੇ ਦੋ ਜਾਨ ਯਹਾਂ,
ਵਹ ਚਲੀ ਘਰ ਸੇ– ... ...

ਮੇਰੀ ਦੇਸ਼ ਮਾਤਾ ਨੇ ਮੁਝ ਸੇ ਕਹਾ ।
ਗੁਲਾਮੀ ਕੀ ਬੇੜੀ ਸੇ ਮੁਝ ਕੋ ਛੁੜਾ ।
ਏ ਬੇਟਾ ਅਜ਼ਾਦੀ ਕੋ ਦੁਲਹਨ ਬਨਾ ।
ਸ਼ਹੀਦੋਂ ਕਾ ਸੇਹਰਾ ਤੂੰ ਸਰ ਪੇ ਚੜ੍ਹਾ ।
ਸੇਹਰਾ ਪਹਨੂਗਾ ਕਲ ਦੇਖਨਾ ਆ ਯਹਾਂ
ਵਹ ਚਲੀ ਘਰ ਸੇ – ... ...

ਪ੍ਰਧਾਨ ਪ੍ਰਿੰਟਿੰਗ ਪਰੇਸ ਬਜ਼ਾਰ ਖ਼ਾਈ ਸੇਵਾਂ ਅੰਮ੍ਰਿਤਸਰ
ਪਰਿੰਟਰ—ਸ: ਸਰਦੂਲ ਸਿੰਘ

ਸਾਡੀ ਦੁਕਾਨ ਤੇ

ਹਰ ਪ੍ਰਕਾਰ ਦੀਆਂ ਪੁਸਤਕਾਂ

ਧਾਰਮਕ, ਸਮਾਜਕ,

ਸਕੂਲਾਂ ਦੀਆਂ ਪੁਸਤਕਾਂ

ਨਾਵਲ ਹਰ ਕਿਸਮ,

ਰਜਿਸਟਰ ਫਾਰਮ ਵਗੈਰਾ

ਬਾਜ਼ਾਰ ਨਾਲੋਂ ਰਿਆਇਤ

ਮਿਲਦੇ ਹਨ

ਦਰਸ਼ਨ ਦੇ ਕੇ ਲਾਭ ਉਠਾਓ

ਭਾਟੀਆ ਪ੍ਰਕਾਸ਼ਨ

ਬਾਜ਼ਾਰ ਤੰਦੂਰਾਂ, ਅੰਬਾਲਾ ਸ਼ਹਿਰ